# India and France hold Strategic Dialogue

January 08, 2021

---

## ਭਾਰਤ ਅਤੇ ਫਰਾਂਸ ਨੇ ਕੀਤੀ ਰਣਨੀਤਕ ਗੱਲਬਾਤ

8 ਜਨਵਰੀ, 2021

ਭਾਰਤ ਅਤੇ ਫਰਾਂਸ ਦੀ ਸਾਲਾਨਾ ਰਣਨੀਤਕ ਗੱਲਬਾਤ 7 ਜਨਵਰੀ, 2021 ਨੂੰ ਨਵੀਂ ਦਿੱਲੀ ਵਿਖੇ ਹੋਈ। ਰਾਸ਼ਟਰੀ ਸੁਰੱਖਿਆ ਸਲਾਹਕਾਰ ਸ਼੍ਰੀ ਅਜੀਤ ਡੋਵਾਲ ਨੇ ਭਾਰਤੀ ਵਫਦ ਦੀ ਅਗਵਾਈ ਕੀਤੀ ਜਦੋਂ ਕਿ ਫਰਾਂਸੀਸੀ ਵਫਦ ਦੀ ਅਗਵਾਈ ਫਰਾਂਸੀਸੀ ਰਾਸ਼ਟਰਪਤੀ ਦੇ ਕੂਟਨੀਤਿਕ ਸਲਾਹਕਾਰ ਸ਼੍ਰੀ ਈਮੈਨੁਅਲ ਬੋਨ ਨੇ ਕੀਤੀ।

ਦੋਵਾਂ ਪੱਖਾਂ ਨੇ ਅਤਿਵਾਦ ਦੇ ਵਿਰੋਧ, ਸਾਈਬਰ ਸੁਰੱਖਿਆ, ਰੱਖਿਆ ਸਹਿਯੋਗ, ਸਮੁੰਦਰੀ ਸੁਰੱਖਿਆ, ਖੇਤਰੀ ਅਤੇ ਆਲਮੀ ਮੁੱਦਿਆਂ ਅਤੇ ਹਿੰਦ-ਪ੍ਰਸ਼ਾਂਤ ਖੇਤਰ ਅੰਦਰ ਸਹਿਯੋਗ ਸਮੇਤ ਕਈ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਕੀਤੇ। ਦੋਵਾਂ ਧਿਰਾਂ ਨੇ ਭਾਰਤ-ਫਰਾਂਸ ਰਣਨੀਤਕ ਭਾਈਵਾਲੀ ਨੂੰ ਦਿੱਤੀ ਜਾਂਦੀ ਮਹੱਤਤਾ ਦੀ ਤਸਦੀਕ ਕਰਦੇ ਹੋਏ ਦੋਵਾਂ ਦੇਸ਼ਾਂ ਦਰਮਿਆਨ ਵਿਚਾਰਾਂ ਦੇ ਮੇਲ ਨੂੰ ਉਜਾਗਰ ਕੀਤਾ।

ਇਸ ਗੱਲਬਾਤ ਤੋਂ ਬਾਅਦ ਸ਼੍ਰੀ ਬੋਨ ਨੇ ਪ੍ਰਧਾਨ ਮੰਤਰੀ, ਰੱਖਿਆ ਮੰਤਰੀ, ਵਿਦੇਸ਼ ਮੰਤਰੀ ਅਤੇ ਵਿਦੇਸ਼ ਸਕੱਤਰ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਵਿਵੇਕਾਨੰਦ ਇੰਟਰਨੈਸ਼ਨਲ ਫਾਉਂਡੇਸ਼ਨ ਵਿਖੇ "ਫਰਾਂਸ ਅਤੇ ਭਾਰਤ: ਸਥਿਰ ਅਤੇ ਖੁਸ਼ਹਾਲ ਭਾਰਤ -ਪ੍ਰਸ਼ਾਂਤ ਲਈ ਭਾਈਵਾਲ" ਵਿਸ਼ੇ 'ਤੇ ਭਾਸ਼ਣ ਵੀ ਦਿੱਤਾ।

ਨਵੀਂ ਦਿੱਲੀ,
8 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.